website ਤਾਜ਼ੀ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ
ਈ-ਬਲਾਕ, ਚੌਥੀ ਮੰਜਿਲ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:),
ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ
ਮੀਮੋ ਨੰ:10/4-2017/ ਐਨ.ਐਸ.ਪੀ ਵਜੀਫਾ(5)
ਮਿਤੀ: 14-07-2017

ਵਿਸ਼ਾ:- ਵਿਦਿਅਕ ਸੈਸ਼ਨ 2017-18 ਦੌਰਾਨ ਸੈਂਟਰਲੀ ਸਪਾਂਸਰਡ ਸਕੀਮਾਂ **National Scheme of Incentive to Girls for Secondary Education (NSIGSE) and National Means-cum-Merit Scholarship Scheme(NMMSS)** ਅਧੀਨ ਨੈਸ਼ਨਲ ਸਕਾਲਰਸ਼ਿਪ ਪੋਰਟਲ **(NSP 2.0)** ਤੇ ਅਪਲਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਦੱਸਿਆ ਜਾਂਦਾ ਹੈ ਕਿ ਵਿਦਿਅਕ ਸੈਸ਼ਨ 2017-18 ਦੌਰਾਨ **Govt. Of India, MHRD, New Delhi** ਵੱਲੋਂ ਚਲਾਈਆਂ ਜਾ ਰਹੀਆਂ ਕੇਂਦਰੀ ਸਪਾਂਸਰਡ ਸਕਾਲਰਸ਼ਿਪ ਸਕੀਮਾਂ **National Means-cum-Merit Scholarship Scheme(NMMSS) and National Incentive to Girls for Secondary Education(NSIGSE)** ਅਧੀਨ **National Scholarship Portal** ਤੇ ਹੀ ਅਪਲਾਈ ਕੀਤਾ ਜਾਣਾ ਹੈ, ਜਿਸ ਸਬੰਧੀ ਭਾਰਤ ਸਰਕਾਰ ਵੱਲੋਂ ਪੋਰਟਲ ਖੋਲ੍ਹ ਦਿੱਤਾ ਗਿਆ ਹੈ ਅਤੇ ਜਿਸ ਦੀ ਆਖਰੀ ਮਿਤੀ 30-09-2017**(NSIGSE) and 31-10-2017(NMMSS)** ਨਿਸ਼ਚਿਤ ਕੀਤੀ ਗਈ ਹੈ।

**Workflow**

1. **Student Registration**
2. ਇਸ ਸੰਬੰਧ ਵਿੱਚ **NSP-2** ਦੇ **workflow** ਅਨੁਸਾਰ ਵਿਦਿਆਰਥੀ ਆਪਣਾ **Application form** ਭਰੇਗਾ, ਜਿਸ ਵਿੱਚ ਸਕੂਲ ਇੰਨਚਾਰਜ ਉਸ ਨੂੰ ਪ੍ਰਾਪਤ ਕਰੇਗਾ।
3. ਸਕੂਲ ਪ੍ਰਿੰਸੀਪਲ ਬਣਦੇ ਲੋੜੀਂਦੇ ਦਸਤਾਵੇਜ਼ਾਂ ਦੀ **Hard copy** ਚੈਕ ਕਰਕੇ **Application verify** ਕਰੇਗਾ ਅਤੇ ਜਿਲ੍ਹਾ ਸਿੱਖਿਆ ਅਫਸਰ ਦੇ **Login ID** ਵਿੱਚ **forward** ਕਰੇਗਾ।
4. **DEO** ਵੱਲੋਂ **verification** ਉਪਰੰਤ **Proposal** ਅੱਗੇ **State Login ID** ਵਿੱਚ ਭੇਜ ਦਿੱਤੀ ਜਾਵੇਗੀ।

ਇਸ ਤਰ੍ਹਾਂ 2 **Levels** ਤੇ **verification** ਉਪਰੰਤ **State Nodal Officer** ਦੇ **Login ID** ਤੋਂ **approve** ਹੋ ਕੇ ਡਾਟਾ **Department of School Education and Literacy** ਨੂੰ ਭੇਜੇਗਾ।

ਇਹ ਸਾਰਾ ਕੰਮ **on-line National Scholarship Portal(NSP 2.0)** ਤੇ ਹੀ ਕੀਤਾ ਜਾਵੇਗਾ।

ਸਕੀਮਾਂ ਦੀਆਂ ਹਦਾਇਤਾਂ ਸਬੰਧੀ:-

- **Under NMMSS One student can go for one scheme** ਵਿਦਿਆਰਥੀ ਕੇਵਲ ਇੱਕੋ ਸਕੀਮ ਤਹਿਤ ਹੀ ਵਜੀਫਾ ਲੈ ਸਕਦਾ ਹੈ। ਜੇਕਰ ਵਿਦਿਆਰਥੀ ਇੱਕ ਤੋਂ ਵੱਧ ਵਜੀਫਾ ਸਕੀਮ ਅਧੀਨ ਯੋਗ ਹੈ, ਤਾਂ ਕਲਾਸ ਇੰਚਾਰਜ ਵਿਦਿਆਰਥੀ ਨੂੰ ਜਿਸ ਸਕੀਮ ਅਧੀਨ ਜਿਆਦਾ ਵਿੱਤੀ ਲਾਭ ਹੈ ਬਾਰੇ ਜਾਗਰੂਕ ਕਰਨ।
- **NSIGSE** ਸਕੀਮ ਅਧੀਨ ਲਾਭ ਲੈਣ ਵਾਲੀ ਵਿਦਿਆਰਥਣ ਦੂਸਰੀ ਸਕੀਮ ਵਿੱਚ ਵੀ ਲਾਭ ਲੈ ਸਕਦੀ ਹੈ।
  ਵਿਸ਼ਾ ਅੰਕਿਤ ਦੋਹਾਂ ਸਕੀਮਾਂ ਸਬੰਧੀ **instructions http://ssapunjab.org/scholarships/circulars_scholarships.html** ਲਿੰਕ ਤੇ ਉਪਲਬਧ ਹਨ।

ਸਕੀਮਾਂ ਵਿੱਚ ਅਪਲਾਈ ਕਰਨ ਸਮੇਂ ਧਿਆਨ ਵਿੱਚ ਰੱਖਣਯੋਗ ਤੱਥ:-

- ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਮਨਿਓਰਿਟੀ ਸਕੀਮ ਸਬੰਧੀ ਜੋ **login-id** ਹੈ, ਉਸੇ **login-id** ਤੋਂ ਹੀ ਸਕੂਲਾਂ ਵੱਲੋਂ **NMMSS and NSIGSE** ਸਕੀਮ ਅਧੀਨ ਸਾਲ 2017-18 ਅਧੀਨ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਅਪਲਾਈ ਕੀਤਾ ਜਾਵੇ। **schools will have same login-id for three schemes Pre Matric Minority,NMMSS and NSIGSE.**ਜੇਕਰ ਕਿਸੇ ਸਕੂਲ ਕੋਲ **login-id** ਨਹੀਂ ਹੈ, ਤਾਂ ਇਸ ਸਬੰਧੀ ਸਬੰਧਤ ਦ. ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਤੋਂ **login-id** ਬਣਵਾ ਲਏ ਜਾਣ।
- **All District Education Offices will have three different login-ids for three schemes Pre Matric Minority,NMMSS and NSIGSE same as of previous year 2016-17.** ਜੇਕਰ ਕਿਸੇ ਸਕੂਲ ਕੋਲ **login-id** ਨਹੀਂ ਹੈ, ਤਾਂ ਉਹ ਇਸ ਸਬੰਧੀ ਹੈੱਡ ਆਫਿਸ ਨਾਲ ਸੰਪਰਕ ਕਰਕੇ **login-id** ਬਣਵਾ ਲੈਣ।
- **School DISE code** ਸਬੰਧੀ ਜੇਕਰ ਕੋਈ ਸਕੂਲ ਇਸ ਸਾਲ ਅਪਗ੍ਰੇਡ ਹੋਇਆ ਹੈ, ਤਾਂ ਉਸ ਸਕੂਲ ਵੱਲੋਂ ਪੁਰਾਣੀ ਸਕੂਲ ਆਈ.ਡੀ ਵਿੱਚ ਹੀ ਅਪਲਾਈ ਕੀਤਾ ਜਾਵੇ, ਸਕੂਲ ਦਾ ਨਾਮ ਬਦਲਿਆ ਨਹੀਂ ਜਾ ਸਕਦਾ।
- ਜੇਕਰ ਕਿਸੇ ਵਿਦਿਆਰਥੀ ਦਾ ਨਾਮ ਅਸਲ ਵਿੱਚ ਕੁਝ ਹੋਰ ਹੈ, ਅਤੇ ਆਧਾਰ ਕਾਰਡ ਵਿੱਚ ਕੁਝ ਹੋਰ ਹੈ, ਤਾਂ ਪੋਰਟਲ ਵਿੱਚ **identification number** ਪੁਛਣ ਤੇ ਜੇਕਰ ਆਧਾਰ ਨੰਬਰ ਭਰਿਆ ਹੈ ਤਾਂ ਕਾਲਮ **Name as in aadhaar** ਵਿੱਚ ਆਧਾਰ ਕਾਰਡ ਅਨੁਸਾਰ ਹੀ ਨਾਮ ਭਰਿਆ ਜਾਵੇ, ਅਤੇ ਪੋਰਟਲ ਵੱਲੋਂ ਇਸ ਨੂੰ **validation check** ਰਾਹੀਂ **verify** ਕੀਤਾ ਜਾਵੇਗਾ।
- **Student's First time login-id's password is his/her Date of Birth.** ਇਹ ਬਾਅਦ ਵਿੱਚ ਬਦਲ ਲਿਆ ਜਾਵੇ।
- ਪੋਰਟਲ ਤੇ ਪਹਿਲੀ ਵਾਰ **NMMSS** ਸਕੀਮ ਵਿੱਚ ਅਪਲਾਈ ਕਰਨ ਕਾਰਨ ਸਾਰੇ ਸਾਰੇ ਵਿਦਿਆਰਥੀਆਂ ਦੇ **Fresh applications** ਹੀ ਹੋਣਗੇ। ਪੋਰਟਲ ਵਿੱਚ **NMMSS** ਸਕੀਮ ਵਿੱਚ ਅਪਲਾਈ ਕਰਨ ਸਮੇਂ

**9th and 10th class students will be covered under Pre matric Level.**
**11th and 12th class students will be covered under Post-matric Level.**

ਜੇਕਰ ਇਸ ਵਿੱਚ ਕੋਈ ਗਲਤੀ ਹੋ ਜਾਵੇ ਤਾਂ **application** ਦੇ **edit option** ਤੋਂ ਇਸ ਦਾ ਲੈਵਲ ਠੀਕ ਕੀਤਾ ਜਾ ਸਕਦਾ ਹੈ।

- ਜੇਕਰ ਵਿਦਿਆਰਥੀ ਦਾ **result gradation** ਵਿੱਚ ਹੈ, ਤਾਂ **percentage** ਵਾਲੇ ਕਾਲਮ ਵਿੱਚ **grade** ਨੂੰ **percentage** ਵਿੱਚ **convert** ਕਰਕੇ **grade** ਭਰਿਆ ਜਾਵੇ।
- ਕਿਉਂਜੋ ਟਿਊਸ਼ਨ ਫੀਸ ਦਾ ਕਾਲਮ ਭਰਨਾ ਲਾਜਮੀ ਹੈ, ਜੇਕਰ ਟਿਊਸ਼ਨ ਫੀਸ ਨਹੀਂ ਲਈ ਜਾਂਦੀ, ਤਾਂ ਇਸ ਕਾਲਮ ਵਿੱਚ 0 ਭਰਿਆ ਜਾਵੇ। ਇਸ ਨੂੰ ਖਾਲੀ ਨਾ ਛੱਡਿਆ ਜਾਵੇ।
- **At registration time password will be sent on registered mobile number and while changing password OTP will be sent on registered mobile number of student.**

  **As OTP Information for first time login sent on mobile number so, ensure to fill contact number of students or his/her parents only. One mobile number can be used for only two students.**

- ਵਿਦਿਆਰਥੀਆਂ ਵੱਲੋਂ ਸਾਰੇ ਵੇਰਵੇ ਭਰਨ ਉਪਰੰਤ ਮੁੜ ਤੋਂ **application form** ਚੈੱਕ ਕੀਤਾ ਜਾ ਸਕਦਾ ਹੈ ਅਤੇ ਬਾਅਦ ਵਿੱਚ **final submission** ਕੀਤੀ ਜਾ ਸਕਦੀ ਹੈ। **2 options:- Save as Draft and final submit**
- ਸਕੂਲ ਦੇ ਵਿਦਿਆਰਥੀਆਂ ਲਈ **Uploading of documents compulsory** ਨਹੀਂ ਹੈ।
- ਅਪਲਾਈ ਕਰਨ ਵਾਲੇ ਵਿਦਿਆਰਥੀਆਂ ਸਬੰਧੀ ਐਕਸਲ ਸ਼ੀਟ ਸਕੂਲ ਵੱਲੋਂ ਰਿਕਾਰਡ ਵਜੋਂ ਰੱਖਣ ਲਈ ਡਾਊਨਲੋਡ ਕੀਤੀ ਜਾ ਸਕਦੀ ਹੈ, ਪਰ ਇਸ ਵਿੱਚ ਕੋਈ **change** ਨਹੀਂ ਕੀਤੀ ਜਾ ਸਕੇਗੀ।
- **By clicking Print Application form** ਵਿਦਿਆਰਥੀਆਂ ਵੱਲੋਂ **Application form** ਦਾ **print-out** ਰਿਕਾਰਡ ਵਜੋਂ ਰੱਖਿਆ ਜਾ ਸਕਦਾ ਹੈ।

- ਆਧਾਰ ਏਨਰੋਲਮੈਂਟ/ਸੀਡਿੰਗ:- ਆਧਾਰ ਸਬੰਧੀ ਹਦਾਇਤਾਂ ਸਮੇਂ-ਸਮੇ ਤੇ ਦਿੱਤੀਆਂ ਜਾ ਰਹੀਆਂ ਹਨ, ਜ਼ਿਸ ਦੇ ਨਤੀਜੇ ਵਜੋਂ ਲਗਭਗ ਆਪ ਦੇ ਸਕੂਲਾਂ ਵਿੱਚ ਸਾਰੇ ਵਿਦਿਆਰਥੀਆਂ ਦੇ ਆਧਾਰ ਬਣੇ ਹਨ। ਜਿਨ੍ਹਾਂ ਵਿਦਿਆਰਥੀਆਂ ਦੇ ਆਧਾਰ ਨਹੀਂ ਬਣੇ, ਉਨ੍ਹਾਂ ਨੂੰ ਆਧਾਰ ਬਣਾਉਣ ਲਈ ਸੇਵਾ ਕੇਂਦਰ ਵਿੱਚ ਭੇਜਿਆ ਜਾਵੇ। ਜੇਕਰ ਕਿਸੇ ਸਕੂਲ ਵਿੱਚ ਬਿਨਾਂ ਆਧਾਰ ਵਿਦਿਆਰਥੀਆਂ ਦੀ ਗਿਣਤੀ 100 ਤੋਂ ਵੱਧ ਹੈ, ਤਾਂ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਦੇ ਦਫਤਰ ਵਿੱਚ ਵਜੀਫਾ ਡੀਲਿੰਗ ਹੈਂਡ ਅਤੇ **MIS co-ordinator** ਨਾਲ ਸੰਪਰਕ ਕਰਕੇ ਸਕੂਲ ਵਿੱਚ ਮਸ਼ੀਨ ਲਗਵਾ ਕੇ **camp mode** ਵਿੱਚ ਬਣਵਾਏ ਜਾ ਸਕਦੇ ਹਨ।

  ਆਧਾਰ ਸੀਡਿੰਗ:- **DBT mission** ਤਹਿਤ ਸਕੀਮਾਂ ਵਿੱਚ ਲਾਭ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੇ ਆਧਾਰ ਦੀ ਬੈਂਕ ਖਾਤਿਆਂ ਨਾਲ ਸੀਡਿੰਗ 100% ਮੁਕੰਮਲ ਕਰਨ ਲਈ ਵਿਦਿਆਰਥੀਆਂ ਨੂੰ ਬੈਂਕਾਂ ਵਿੱਚ ਭੇਜ਼ ਕੇ ਆਧਾਰ ਨੂੰ ਬੈਂਕ ਖਾਤੇ ਨਾਲ ਲਿੰਕ ਕਰਵਾਉਣ ਲਈ ਕਿਹਾ ਜਾਵੇ। ਵਿਦਿਆਰਥੀਆਂ ਦੀ ਸਹੂਲਤ ਲਈ ਇਸ ਸਬੰਧੀ ਵਿਦਿਆਰਥੀਆਂ ਤੋਂ **consent form** ਭਰਵਾ ਕੇ ਅਤੇ ਬੈਂਕ ਵਾਈਜ ਲਿਸਟ ਬਣਾ ਕੇ ਸਕੂਲ ਵੱਲੋਂ ਬੈਂਕਾਂ ਨੂੰ ਲਿਸਟਾਂ ਭੇਜੀਆਂ ਜਾਣ। ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਆਪਣੇ ਪੱਧਰ ਤੇ ਸਕੂਲਾਂ ਤੋਂ ਇਨ੍ਹਾਂ ਲਿਸਟਾਂ ਦੀ ਇੱਕ ਕਾਪੀ ਪ੍ਰਾਪਤ ਕਰਕੇ **Lead District Managers(LDMs)** ਨੂੰ ਸੰਪਰਕ ਕਰਕੇ ਲਿਸਟਾਂ ਬੈਂਕ ਵਾਈਜ਼ **e-mail or hard copy as per the requirement of Bank** ਭੇਜ਼ ਕੇ **ensure** ਕਰਨ ਕਿ ਸਾਰੇ ਵਿਦਿਆਰਥੀਆਂ ਦੇ ਆਧਾਰ ਬੈਂਕ ਖਾਤਿਆਂ ਨਾਲ ਸੀਡ ਹੋ ਗਏ ਹਨ। ਸਾਰੀਆਂ ਸਕਾਲਰਸ਼ਿਪ ਸਕੀਮ ਵਿੱਚ ਲਾਭ ਲੈਣ ਵਾਲੇ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਨਾਲ ਸੀਡਿੰਗ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਨੋਟ:-

- ਵਿਸ਼ਾ ਅੰਕਿਤ ਦੋਹਾਂ ਸਕੀਮਾਂ ਤੋਂ ਇਲਾਵਾ ਵੱਖ-ਵੱਖ ਵਜੀਫਾ ਸਕੀਮਾਂ ਵਿੱਚ ਅਪਲਾਈ ਕੀਤਾ ਜਾ ਰਿਹਾ ਹੈ। ਇਸ ਲਈ ਵਿਦਿਆਰਥੀ ਨੂੰ ਸਕੀਮ ਦੇ ਵਿੱਤੀ ਲਾਭ ਬਾਰੇ ਵਿਸ਼ੇਸ਼ ਤੌਰ ਤੇ ਦੱਸਿਆ ਜਾਵੇ।
- **NMMSS** ਸਕੀਮ ਦੇ ਵਿਦਿਆਰਥੀ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਕਿ ਇਸ ਸਕੀਮ ਦੇ ਵਿੱਤੀ ਲਾਭ ਨੂੰ ਦੇਖਦੇ ਹੋਏ ਇਸੇ ਸਕੀਮ ਵਿੱਚ ਹੀ ਵਿਸ਼ੇਸ਼ ਤੌਰ ਤੇ ਅਪਲਾਈ ਕਰਨ।
- ਵਿਦਿਆਰਥੀਆਂ ਨੂੰ ਵਿੱਤੀ ਲਾਭ ਨਾਲ ਜਾਣੂ ਕਰਵਾਉਣ ਲਈ ਪ੍ਰਿੰਸੀਪਲ ਅਤੇ ਅਧਿਆਪਕ ਸਵੇਰ ਦੀ ਸਭਾ ਵਿੱਚ ਇਸ ਬਾਰੇ ਦੱਸਣਾ ਯਕੀਨੀ ਬਣਾਉਣ।

Regarding **Process for applying** in subject cited scheme on NSP **Presentation is available on website ssapunjab.org as provided by** Ministry of Human Resource Development (MHRD), Department of School Education and Literacy, Shastri Bhawan ,New Delhi.

ਸਹੀ/- 14/7/17

ਦ/ਨ ਵਿਸ਼ੇਸ਼ ਕਾਰਜ ਅਫਸਰ(ਵਜੀਫਾ)

ਪਿੱਠ ਅੰਕਣ ਨੰ: ਉਕਤ ਮਿਤੀ: ਉਕਤ

ਉਕਤ ਦਾ ਉਤਾਰਾ ਮੰਡਲ ਸਿੱਖਿਆ ਅਫਸਰ(ਨਾਭਾ, .ਜਲੰਧਰ, ਫਰੀਦਕੋਟ) ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਆਉਂਦੇ ਸਮੂਹ ਜਿਲ੍ਹਿਆਂ ਨੂੰ ਉਕਤ ਅਨੁਸਾਰ ਕਾਰਵਾਈ ਵਿੱਚ ਤੇਜੀ ਲਿਆ ਕੇ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕਰਨ ਹਿੱਤ ਭੇਜਿਆ ਜਾਂਦਾ ਹੈ।

ਸਹੀ/- 14/7/17

ਦ/ਨ ਵਿਸ਼ੇਸ਼ ਕਾਰਜ ਅਫਸਰ(ਵਜੀਫਾ)